# Family Medical Clinic



**ਮਰੀਜ਼** : ਸਤਿ ਸ੍ਰੀ ਅਕਾਲ, ਡਾਕਟਰ ਸਾਹਿਬ।

**ਡਾਕਟਰ** : ਸਤਿ ਸ੍ਰੀ ਅਕਾਲ, ਆਓ, ਇਥੇ ਬੈਠੋ।

**ਮਰੀਜ਼** : ਧੰਨਵਾਦ ਜੀ।

**ਡਾਕਟਰ** : ਹਾਂ ਜੀ, ਦੱਸੋ ?

**ਮਰੀਜ਼** : ਪਿਛਲੇ ਤਿੰਨ ਚਾਰ ਦਿਨਾਂ ਤੋਂ ਮੈਨੂੰ ਸਿਰ ਦਰਦ ਹੋ ਰਿਹਾ ਹੈ।

**ਡਾਕਟਰ** : ਠੀਕ ਹੈ, ਇਥੇ ਬੈਠੋ ਮੈਨੂੰ ਚੈੱਕ ਕਰਨ ਦਿਓ।

**ਮਰੀਜ਼** : ਚੰਗਾ, ਡਾਕਟਰ ਜੀ।

**ਡਾਕਟਰ** : ਡੂੰਘੇ ਸਾਹ ਲਓ ਅਤੇ ਹੋਲੀ ਹੋਲੀ ਛੱਡ ਦਿਓ। ਕੀ ਤੁਹਾਨੂੰ ਪੇਟ ਵਿੱਚ ਵੀ ਦਰਦ ਮਹਿਸੂਸ ਹੋ ਰਹੀ ਹੈ ?

**ਮਰੀਜ਼** : ਹਾਂ ਜੀ, ਪਰ ਮੈਨੂੰ ਥੋੜਾ ਬੁਖ਼ਾਰ ਲੱਗ ਰਿਹਾ ਹੈ।

**ਡਾਕਟਰ** : ਥੋੜੇ ਸਮੇਂ ਲਈ ਮੈਂ ਦਰਦ ਦੀਆਂ ਗੋਲੀਆਂ ਦੇ ਰਿਹਾ ਹਾਂ, ਅਤੇ ਬੁਖ਼ਾਰ ਲਈ। ਕੱਲ ਫਿਰ ਆਉਣਾ।

**ਮਰੀਜ਼** : ਧੰਨਵਾਦ, ਡਾਕਟਰ ਸਾਹਿਬ। ਸਤਿ ਸ੍ਰੀ ਅਕਾਲ।

## ਅਗਲੇ ਦਿਨ

**ਮਰੀਜ਼** : ਸਤਿ ਸ੍ਰੀ ਅਕਾਲ, ਡਾਕਟਰ ਸਾਹਿਬ ।

**ਡਾਕਟਰ** : ਸਤਿ ਸ੍ਰੀ ਅਕਾਲ, ਬੈਠੋ ।

**ਮਰੀਜ਼** : ਧੰਨਵਾਦ ਜੀ ।

**ਡਾਕਟਰ** : ਤੁਸੀਂ ਅੱਜ ਕਿਵੇਂ ਮਹਿਸੂਸ ਕਰ ਰਹੇ ਹੋ?

**ਮਰੀਜ਼** : ਮੈਂ ਪੂਰੀ ਤਰਾਂ ਠੀਕ ਨਹੀਂ ਹਾਂ ।

**ਡਾਕਟਰ** : ਤੁਹਾਨੂੰ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ ।

**ਮਰੀਜ਼** : ਰੱਬ ਦਾ ਸ਼ੁਕਰ ਹੈ ।

**ਡਾਕਟਰ** : ਫਿਕਰ ਨਾ ਕਰੋ, ਮੈਂ ਤੁਹਾਨੂੰ ਕੁਝ ਦਵਾਈਆਂ ਦੇਵਾਂਗਾ । ਤੁਸੀਂ ਬਹੁਤ ਛੇਤੀ ਠੀਕ ਹੋ ਜਾਓਗੇ ।

**ਮਰੀਜ਼** : ਠੀਕ ਹੈ ਜੀ ।

**ਡਾਕਟਰ** : ਇਸ ਦਵਾਈ ਨੂੰ ਲਓ ਅਤੇ ਜੇ ਤੁਸੀਂ ਠੀਕ ਨਹੀਂ ਹੋਏ, ਤਾਂ ਅਗਲੇ ਹਫ਼ਤੇ ਮੈਨੂੰ ਦੁਬਾਰਾ ਮਿਲੋ ।

**ਮਰੀਜ਼** : ਧੰਨਵਾਦ, ਡਾਕਟਰ ਸਾਹਿਬ ।

# ਇੱਕ ਹਫ਼ਤੇ ਬਾਅਦ

**ਮਰੀਜ਼** : ਸਤਿ ਸ੍ਰੀ ਅਕਾਲ, ਡਾਕਟਰ ਸਾਹਿਬ ।

**ਡਾਕਟਰ** : ਸਤਿ ਸ੍ਰੀ ਅਕਾਲ, ਬੈਠੋ । ਦੱਸੋ ਹੁਣ ਕੀ ਹਾਲ ਹੈ ?

**ਮਰੀਜ਼** : ਅਜੇ ਠੀਕ ਨਹੀਂ । ਡਾਕਟਰ ਜੀ, ਮੈਂ ਅਜੇ ਵੀ ਕਦੀ ਕਦੀ ਸਿਰ ਦਰਦ ਮਹਿਸੂਸ ਕਰਦਾ ਹਾਂ ।

**ਡਾਕਟਰ** : ਕੀ ਤੁਸੀਂ ਦਵਾਈ ਲਗਾਤਾਰ ਲੈ ਰਹੇ ਹੋ ?

**ਮਰੀਜ਼** : ਹਾਂ ਜੀ, ਡਾਕਟਰ ਜੀ । ਮੈਂ ਇਸ ਬਾਰੇ ਖਾਸ ਧਿਆਨ ਰੱਖਦਾ ਹਾਂ ।

**ਡਾਕਟਰ** : ਫਿਰ ਤੁਹਾਡੇ ਖਾਣੇ ਵਿਚ ਜ਼ਰੂਰ ਕੋਈ ਗੜਬੜ ਹੋਵੇਗੀ ।

**ਮਰੀਜ਼** : ਉਸ ਬਾਰੇ ਤੁਸੀਂ ਖਾਸ ਹਦਾਇਤਾਂ ਨਹੀਂ ਦਿੱਤੀਆਂ ਸਨ ।

**ਡਾਕਟਰ** : ਬਹੁਤ ਠੰਡੀਆਂ ਚੀਜ਼ਾਂ ਤੋਂ ਪਰਹੇਜ਼ ਕਰੋ ਅਤੇ ਕੋਈ ਤਲਿਆ ਭੋਜਨ ਨਾ ਖਾਓ । ਤੁਸੀਂ ਠੀਕ ਹੋ ਜਾਓਗੇ ।

**ਮਰੀਜ਼** : ਠੀਕ ਹੈ ਡਾਕਟਰ ਸਾਹਿਬ, ਧੰਨਵਾਦ ਜੀ ।

# Teacher Instructions:

- This is an example for teachers to use as a model.
- Students can add their own improvisations and expand on the dialogue.
- Students in pairs/groups can brainstorm other ideas to include and add other characters such as a receptionist, nurse etc.
- Picture credit: creazilla.com/nodes/35062-medical-doctor-patient-clipart